10-3-96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

ਨਿਬੰਧ ਕਲਾ ਦੀ ਉਤਮ ਮਿਸਾਲ – 'ਹਸਦੇ ਬਜ਼ੁਰਗ ਚਿਹਰੇ': ਪੰਜਾਬੀ ਸਾਹਿਤ ਵਿਚ ਨਿਬੰਧ ਕਲਾ ਦੀ ਆਪਣੀ ਰਵਾਇਤ ਹੈ। ਪ੍ਰੋ. ਤੇਜਾ ਸਿੰਘ ਇਸ ਦੇ ਆਧੁਨਿਕ ਮੋਢੀ ਗਿਣੇ ਜਾ ਸਕਦੇ ਹਨ। ਰੋਜ਼ਾਨਾ ਅਖ਼ਬਾਰਾਂ ਨੇ ਇਸ ਵਿਧਾ ਦੇ ਅਣਗਿਣਤ ਨਾਂ ਸਾਹਮਣੇ ਲਿਆਂਦੇ ਹਨ, ਜਿਨ੍ਹਾਂ ਦੇ ਨਿਬੰਧ ਰੌਚਿਕ ਵੀ ਹਨ ਅਤੇ ਜਾਣਕਾਰੀ ਵੀ ਦਿੰਦੇ ਹਨ। ਨਿਬੰਧ ਕਲਾ ਵਿਚ ਇਕ ਰੌਚਿਕ ਲੇਖ ਡਾ. ਸੁਰੇਸ਼ ਰਤਨ ਦਾ 'ਹਸਦੇ ਬਜ਼ੁਰਗ ਚਿਹਰੇ', ਪੰਜਾਬੀ ਟ੍ਰਿਬਿਊਨ, 25 ਫਰਵਰੀ 1996 ਦੇ ਅੰਕ ਵਿਚ ਆਇਆ ਹੈ। ਇਹ ਨਿਬੰਧ ਕਲਾ ਦੀ ਇਕ ਉਤਮ ਮਿਸਾਲ ਹੈ। ਲੇਖਕ ਨੇ ਜਿਥੇ ਲੰਮੀ ਉਮਰ ਦਾ ਰਾਜ਼ 'ਹਾਸਾ ਮਖੌਲ' ਸਥਾਪਤ ਕੀਤਾ ਹੈ, ਉਥੇ ਇਸ ਹਾਸੇ ਮਖੌਲ ਦੀਆਂ ਮਿਸਾਲਾਂ ਵੀ ਕਲਮਬੰਦ ਕੀਤੀਆਂ ਹਨ।

ਪੰਜਾਬ ਦੇ ਇਕ ਪਿੰਡ ਦੇ ਘਰ ਦੇ ਵਿਹੜੇ ਵਿਚ ਗਰਮੀਆਂ ਦੀ ਇਕ ਸ਼ਾਮ ਨੂੰ ਇਕ ਬਜ਼ੁਰਗ ਜੋੜੀ ਖਾਣਾ ਖਾ ਰਹੀ ਸੀ। ਮੈਂ ਦੇਖ ਰਿਹਾ ਸੀ ਕਿ ਪਹਿਲਾਂ ਬਾਪੂ ਜੀ ਨੇ ਹੌਲੀ ਹੌਲੀ ਦਾਲ ਰੋਟੀ ਖਾਧੀ ਤੇ ਬੇਬੇ ਨੇ ਲਾਗੇ ਬੈਠ ਕੇ ਪੱਖੀ ਝੱਲੀ। ਫਿਰ ਪਾਣੀ ਪੀ, ਹੱਥ ਧੋ ਬਾਪੂ ਜੀ ਨੇ ਪੱਖੀ ਸੰਭਾਲੀ ਤੇ ਬੇਬੇ ਨੇ ਰੋਟੀ ਖਾਧੀ। ਮੈਂ ਉਨ੍ਹਾਂ ਦੇ ਇਸ ਵਿਵਹਾਰ ਤੋਂ ਬੜਾ ਭਾਵੁਕ ਤੇ ਪ੍ਰਭਾਵਤ ਹੋਇਆ। ਉਨ੍ਹਾਂ ਨੂੰ ਪੁੱਛ ਹੀ ਬੈਠਾ ਕੇ ਵਾਹ ਬਜ਼ੁਰਗੋ ਤੁਹਾਡਾ ਆਪਸ ਵਿਚ ਐਸ ਉਮਰ ਵਿਚ ਵੀ ਪਿਆਰ ਬਹੁਤ ਹੈ। ਬਾਪੂ ਜੀ ਤਾਂ ਚੁੱਪ ਰਹੇ ਪਰ ਬੇਬੇ ਬੋਲੀ ''ਵੇ ਪੁੱਤ ਪਿਆਰ ਵਿਆਰ ਕੁਝ ਨਹੀਂ, ਹੁਣ ਬੁੱਢੇ ਹੋ ਗਏ ਹਾਂ, ਦੰਦ ਢਹਿ ਪਏ ਨੇ ਤੇ ਇਹ ਨਕਲੀ ਦੰਦਾਂ ਦਾ ਬਸ ਇਕੋ ਸੈਟ ਹੈ, ਜਿਸ ਨੂੰ ਵਾਰੀ ਵਾਰੀ ਵਰਤ ਕੇ ਰੋਟੀ ਖਾ ਲੈਂਦੇ ਹਾਂ।'' ਤੇ ਬੇਬੇ ਨੇ ਮੂੰਹ ਖੋਲ੍ਹ ਕੇ ਨਕਲੀ ਦੰਦਾਂ ਦਾ ਚਮਕਦਾ ਸੈਟ ਦਿਖਾ ਦਿੱਤਾ।

ਇਸ ਨਿਬੰਧ ਵਿਚ ਹੋਰ ਵੀ ਅਨੇਕਾਂ ਮਿਸਾਲਾਂ ਦਿੱਤੀਆਂ ਗਈਆਂ ਹਨ ਜੋ ਬਜ਼ੁਰਗਾਂ ਦੀ ਚੜ੍ਹਦੀ ਕਲਾ ਨੂੰ ਰੂਪਮਾਨ ਕਰਦੀਆਂ ਹਨ।

ਬਜ਼ੁਰਗ ਦਾ 98ਵੇਂ ਸਾਲਾ ਜਨਮ ਦਿਨ ਸੀ। ਮੈਂ ਉਨ੍ਹਾਂ ਦੀ ਫੋਟੋ ਖਿੱਚੀ ਤੇ ਨਾਲ ਕਿਹਾ ਕਿ ਮੈਨੂੰ ਆਸ ਹੈ ਕਿ ਹੋਰ ਦੋ ਸਾਲਾਂ ਨੂੰ ਮੈਂ ਫਿਰ ਉਨ੍ਹਾਂ ਦੀ ਫੋਟੋ ਖਿੱਚ ਸਕਾਂਗਾ। ਬਜ਼ੁਰਗਾਂ ਨੇ ਮੇਰੇ ਵੱਲ ਧਿਆਨ ਨਾਲ ਦੇਖਿਆ ਤੇ ਕਹਿਣ ਲੱਗੇ, ''ਕੀ ਗੱਲ ਕਾਕਾ, ਤੂੰ ਤਾਂ ਅਜੇ ਨੌਜਵਾਨ ਹੈਂ, ਠੀਕ ਲੱਗ ਰਿਹਾ ਹੈਂ, ਦੋ ਸਾਲਾਂ ਵਿਚ ਤੈਨੂੰ ਕੁਝ ਨਹੀਂ ਹੋਣ ਲੱਗਾ,'' ਇਹ ਤਾਂ ਹੋਈ ਨਾ ਗੱਲ।

ਨਿਬੰਧ ਦਾ ਲੇਖਕ ਬਜ਼ੁਰਗਾਂ ਦੇ ਬੁਢੇਪੇ ਬਾਰੇ ਜੀਵ-ਵਿਗਿਆਨਕ ਖੋਜਾਂ ਕਰਨ ਦੇ ਸਬੰਧ ਵਿਚ ਪਿਛਲੇ ਕਈ ਸਾਲਾਂ ਤੋਂ ਡੈਨਮਾਰਕ ਵਿਚ ਰਹਿ ਰਿਹਾ ਹੈ। ਇਸ ਦਾ ਇਹ ਲੇਖ ਪੰਜਾਬੀ ਸਾਹਿਤ ਵਿਚ ਨਿਬੰਧ ਵਿਧਾ ਦੀ ਇਕ ਸਾਂਭਣਯੋਗ ਰਚਨਾ ਹੈ।

ਸਿੱਖ ਇਤਿਹਾਸ ਨਾਲ ਜੁੜੇ ਨਾਟਕ: ਪਿਛਲੇ 30 ਸਾਲਾਂ ਵਿਚ ਪੰਜਾਬ ਦੀ ਨਾਟਕ ਲਹਿਰ ਦੇ ਪਸਾਰੇ ਵਿਚ ਸਿੱਖ ਇਤਿਹਾਸਕ ਨਾਟਕਾਂ ਦੀ ਇਕ ਵਿਸ਼ੇਸ਼ ਭੂਮਿਕਾ ਹੈ। ਇਨ੍ਹਾਂ ਬਹੁਤ ਸਾਰੇ ਨਾਟਕਾਂ ਨੂੰ ਕੇਵਲ ਧਾਲੀਵਾਲ ਨੇ ਇਕ ਜਿਲਦ ਵਿਚ ਇਕੱਠਾ ਕਰ ਕੇ ਨਾਟਕਕਾਰਾਂ ਨੂੰ ਇਨ੍ਹਾਂ ਨਾਟਕਾਂ ਦੀਆਂ ਸਕਰਿਪਟਾਂ ਮੁਹੱਈਆ ਕੀਤੀਆਂ ਹਨ। ਇਸ ਕਿਤਾਬ ਦੇ ਮੁਢਲੇ ਸ਼ਬਦਾਂ ਵਿਚ ਜੋ ਜਾਣਕਾਰੀ ਦਿੱਤੀ ਗਈ ਹੈ, ਉਹ ਇਸ ਵਿਧਾ ਵਿਚ ਕੰਮ ਕਰਨ ਵਾਲਿਆਂ ਲਈ ਬੜੀ ਲਾਭਦਾਇਕ ਸਾਬਤ ਹੋਵੇਗੀ।

'ਇਤ ਮਾਰਗ ਪੈਰ ਧਰੀਜੈ' ਵਿਚ 10 ਸਿੱਖ ਇਤਿਹਾਸਕ ਨਾਟਕ ਸ਼ਾਮਲ ਹਨ। ਡਾ. ਹਰਚਰਨ ਸਿੰਘ ਦਾ ਨਾਟਕ 'ਜ਼ਫਰਨਾਮਾ' ਦਰਸ਼ਕਾਂ ਸਾਹਮਣੇ ਬਹੁਤ ਸਾਰੇ ਨਿਰਦੇਸ਼ਕਾਂ ਵਲੋਂ ਵੱਖ ਵੱਖ ਰੂਪਾਂ ਵਿਚ ਕਾਮਯਾਬੀ ਨਾਲ ਖੇਡਿਆ ਗਿਆ ਹੈ। ਡਾ. ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਇਹ ਲਹੂ ਕਿਸਦਾ ਹੈ' ਪੰਜ ਹਜ਼ਾਰ ਤੋਂ ਵੱਧ ਵਾਰ ਖੇਡਿਆ ਗਿਆ ਹੈ। ਇਸੇ ਤਰ੍ਹਾਂ ਫੁੱਲ ਸਾਹਿਬ ਦਾ ਨਾਟਕ 'ਭਗੌਤੀ ਦੀ ਸ਼ਕਤੀ' ਜੋ ਨਾਟਕ 'ਜਿਨ ਸਚਿ ਪਲੇ ਹੋਇ' ਦਾ ਸੰਖੇਪ ਰੂਪ ਹੈ, ਉਹ ਗੁਰਸ਼ਰਨ ਸਿੰਘ ਵਲੋਂ 1000 ਤੋਂ ਵੱਧ ਵਾਰ ਖੇਡਿਆ ਗਿਆ ਹੈ। ਸੰਗ੍ਰਹਿ ਚ ਸ਼ਾਮਲ ਹੋਰ ਨਾਟਕ 'ਨਿਓਟਿਆਂ ਦੀ ਓਟ', 'ਤਬੈ ਰੋਸ ਜਾਗੇ' ਗੁਰਸ਼ਰਨ ਸਿੰਘ ਦੇ ਲਿਖੇ ਹੋਏ ਹਨ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਇਕ ਨਵੇਂ ਪਰਿਪੇਖ ਵਿਚ ਪੇਸ਼ ਕਰਦਾ ਸ਼ਹਰਯਾਰ ਦਾ ਨਾਟਕ 'ਸੀਸ ਦੀਆ ਪਰ ਸਿਰਰ ਨਾ ਦੀਆ' ਵੀ ਇਸ ਸੰਗ੍ਰਹਿ ਵਿਚ ਹੈ। ਇਸ ਤੋਂ ਇਲਾਵਾ ਇੰਦਰਜੀਤ ਦਾ ਨਾਟਕ 'ਸਿੰਘ ਸੂਰਮੇ' ਇੰਦਰਜੀਤ ਸਿੰਘ ਤੁਲਸੀ ਦਾ 'ਬਾਦਸ਼ਾਹ ਦਰਵੇਸ਼', ਸਤਵਿੰਦਰ ਸੋਨੀ ਦਾ 'ਕਬਹੂੰ ਨਾ ਛਾਡੈ ਖੇਤ' ਅਤੇ ਜੇ.ਐਸ. ਬਾਵਾ ਦਾ 'ਸੱਚ ਦੇ ਪਾਂਧੀ' ਸ਼ਾਮਲ ਹਨ।

ਇਹ ਸੰਗ੍ਰਹਿ ਨਾਟਕ ਸਾਹਿਤ ਵਿਚ ਇਕ ਮਹੱਤਵਪੂਰਨ ਵਾਧਾ ਹੈ।

ਪਾਬਲੋ ਨੇਰੂਦਾ ਦੀ ਨਾਜ਼ਿਮ ਹਿਕਮਤ ਨੂੰ ਕਾਵਿਕ ਸ਼ਰਧਾਂਜਲੀ:

ਮੈਂ ਤੇਰੇ ਹੱਥਾਂ 'ਤੇ ਤਸੀਹਿਆਂ ਦੇ ਨਿਸ਼ਾਨ
ਮਹਿਸੂਸ ਕੀਤੇ ਸਨ।
ਮੈਂ ਤੇਰੀਆਂ ਅੱਖਾਂ 'ਚੋਂ
ਘਿਰਣਾ ਦੇ ਕੰਡੇ ਲੱਭਦਾ ਸੀ।
ਪਰ ਤੂੰ ਜੋ ਲੈ ਕੇ ਵਾਪਸ ਪਰਤਿਆ ਸੀ
ਉਹ ਚਾਨਣ ਵੰਡਦਾ ਇਕ ਦਿਲ ਸੀ।
ਸਵੱਛ, ਬੇਅੰਤ ਚਾਨਣ ਨਾਲ ਭਰਿਆ,
ਤੇਰਾ ਜ਼ਖ਼ਮੀ ਦਿਲ
ਨਾਜ਼ਿਮ! ਤੂੰ ਕਿਉਂ ਤੁਰ ਗਿਆ ਏਂ?
ਅਸੀਂ ਹੁਣ ਤੇਰੇ ਗੀਤਾਂ ਬਿਨਾਂ ਕੀ ਕਰਾਂਗੇ?

(ਹਰਭਜਨ ਸਿੰਘ ਹੁੰਦਲ ਦੁਆਰਾ ਅਨੁਵਾਦਿਤ 'ਪਾਬਲੋ ਨੇਰੂਦਾ' ਵਿਚੋਂ)